ਵੱਲੋ

ਕਾਰਜਕਾਰੀ ਇੰਜੀਨੀਅਰ,
ਜਲ ਸਪਲਾਈ ਅਤੇ ਸੈਨੀਟੇਸ਼ਨ ਮੰਡਲ,
ਮੋਗਾ ।

ਸੇਵਾ ਵਿਖੇ

ਡੀ.ਐਫ.ਓ.
ਵਣ ਵਿਭਾਗ,
ਫਿਰੋਜਪੁਰ।

ਪੱਤਰ ਨੰਬਰ 6352 ਮਿਤੀ 11-08-2017

ਵਿਸ਼ਾ ਬਲਾਕ ਬਾਘਾ ਪੁਰਾਣਾ ਅਧੀਨ ਵਣ ਵਿਭਾਗ ਅਧੀਨ ਆਉਂਦੇ ਏਰੀਏ ਲਈ ਇਤਰਾਜਹੀਣਤਾ ਸਰਟੀਫਿਕੇਟ ਜਾਰੀ ਕਰਨ ਸਬੰਧੀ ਬਾਬਤ ਕੰਮ ;- **(SUPPLY SURFACE WATER TO MEET DRINKING WATER NEEDS IN 85 ILLAGES (Tapping Point-17) of MOGA DISTRICT IN PUNJAB STATE. (Under Punjab Rural Water Sanitation Sector Improvement Project)**

ਉਕਤ ਵਿਸ਼ਾ ਅਧੀਨ ਕਾਰਜ ਸਬੰਧੀ ਆਪ ਜੀ ਨੂੰ ਦੱਸਿਆ ਜਾਂਦਾ ਹੈ ਕਿ ਇਸ ਵਿਭਾਗ ਵੱਲੋਂ ਪੰਜਾਬ ਰੂਰਲ ਵਾਟਰ ਐਂਡ ਸੈਨੀਟੇਸ਼ਨ ਸੈਕਟਰ ਇੰਪਰੂਵਮੈਂਟ ਪ੍ਰੋਜੈਕਟ (ਵਿਸ਼ਵ ਬੈਂਕ ਸਹਾਇਤਾ ਪ੍ਰਾਪਤ) ਅਧੀਨ ਜਿਲ੍ਹਾ ਮੋਗਾ ਦੇ 85 ਪਿੰਡਾਂ ਨੂੰ ਪਿੰਡ ਦੌਧਰ ਸ਼ਰਕੀ, ਬਲਾਕ ਮੋਗਾ-1 ਵਿਖੇ ਵਾਟਰ ਟਰੀਟਮੈਂਟ ਪਲਾਂਟ ਲਗਾ ਕੇ ਨਹਿਰੀ ਪਾਣੀ ਅਧਾਰਿਤ ਸ਼ੁਧ ਪੀਣ ਵਾਲੇ ਪਾਣੀ ਦੀ ਸਪਲਾਈ ਕੀਤੀ ਜਾਣੀ ਹੈ ।ਇਸ ਪ੍ਰੋਜੈਕਟ ਦਾ ਕੰਮ ਲਾਰਸਨ ਐਂਡ ਟਬਰੋ ਲਿਮਟਿਡ (ਐਲ.ਐਂਡ.ਟੀ.) ਚਨੇਈ ਫਰਮ ਨੂੰ ਅਲਾਟ ਕੀਤਾ ਗਿਆ ਹੈ । ਇਸ ਪ੍ਰੋਜੈਕਟ ਨੂੰ ਮੁਕੰਮਲ ਕਰਨ ਹਿਤ **ਬਲਾਕ ਬਾਘਾ ਪੁਰਾਣਾ** ਦੇ ਏਰੀਏ ਵਿੱਚ ਆਉਂਦੀਆਂ ਸੜਕਾਂ ਦੇ ਨਾਲ-ਨਾਲ ਪਾਈਪ ਲਾਈਨ ਵਿਛਾਈ ਜਾਣੀ ਹੈ । ਇਸ ਕੰਮ ਦੇ ਐਗਰੀਮੈਂਟ ਦੀਆ ਸ਼ਰਤਾ ਅਨੁਸਾਰ ਕੰਮ ਕਰਨ ਦੌਰਾਨ ਜਿਹੜੀਆ ਸੜਕਾਂ/ ਰਸਤੇ ਪ੍ਰਭਾਵਿਤ ਹੋਣਗੇ, ਉਹਨਾਂ ਦੀ ਵਾਈਡ ਬਰਮ ਦਾ ਕੰਮ ਸਬੰਧਤ ਵਿਭਾਗ ਦੀਆ ਸਪੈਸੀਫਿਕੇਸ਼ਨਾ ਮੁਤਾਬਿਕ ਅਤੇ ਵਿਭਾਗ ਦੇ ਸਬੰਧਿਤ ਕਰਮਚਾਰੀਆਂ/ਅਧਿਕਾਰੀਆਂ ਦੀ ਦੇਖ ਰੇਖ ਹੇਠ ਹਰ ਪੱਖ ਤੋਂ ਪਹਿਲਾ ਵਾਲੀ ਸਥਿਤੀ ਵਿੱਚ ਸਬੰਧਤ ਫਰਮ ਲਾਰਸਨ ਐਂਡ ਟਰਬੋ ਲਿਮਟਿਡ (ਐਲ.ਐਂਡ.ਟੀ.) ਚਨੇਈ ਵੱਲੋਂ ਮੁਕੰਮਲ ਕੀਤਾ ਜਾਣਾਂ ਹੈ।

ਸੋ ਬੇਨਤੀ ਹੈ ਕਿ ਉਕਤ ਪ੍ਰੋਜੈਕਟ ਤਹਿਤ ਆਪ ਦੇ ਵਿਭਾਗ ਅਧੀਨ ਆਉਂਦੇ **ਬਲਾਕ ਬਾਘਾ ਪੁਰਾਣਾ** ਦੇ ਏਰੀਏ, ਜਿਨ੍ਹਾਂ ਦੀ ਨਿਸ਼ਾਨਦੇਹੀ ਆਪ ਅਧੀਨ ਆਉਂਦੇ ਵਣ ਰੇਂਜ ਅਫਸਰ, ਮੋਗਾ ਵੱਲੋ ਨਿਯੁਕਤ ਕੀਤੇ ਗਏ ਕ੍ਰਮਚਾਰੀ/ਅਧਿਕਾਰੀ ਨਾਲ ਇਸ ਵਿਭਾਗ ਦੇ ਕ੍ਰਮਚਾਰੀਆਂ ਵੱਲੋਂ ਮੌਕੇ ਤੇ ਦੌਰਾ ਕਰਨ ਉਪਰੰਤ ਡਿਟੇਲ ਤਿਆਰ ਕੀਤੀ ਗਈ ਹੈ (ਡਿਟੇਲ ਨੱਥੀ ਹੈ)।ਉਕਤ ਅਨੁਸਾਰ ਆਪ ਦੇ ਵਿਭਾਗ ਆਉਂਦੇ ਏਰੀਏ ਵਿੱਚ ਪਾਈਪ ਲਾਈਨ ਦੇ ਨੈਟ ਵਰਕ ਨੂੰ ਵਿਛਾਉਣ ਹਿਤ ਆਪ ਜੀ ਦੇ ਵਿਭਾਗ ਪਾਸੋ ਇਤਰਾਜਹੀਣਤਾ ਸਰਟੀਫਿਕੇਟ ਦੀ ਜਰੂਰਤ ਹੈ । ਸੋ ਇਹ ਇਤਰਾਜ਼ਹੀਣਤਾ ਸਰਟੀਫਿਕੇਟ ਇੱਕ ਹਫਤੇ ਦੇ ਅੰਦਰ ਇਸ ਦਫਤਰ ਨੂੰ ਭੇਜਣ ਦੀ ਖੇਚਲ ਕੀਤੀ ਜਾਵੇ ਜੀ । ਜੇਕਰ ਮਿਥੇ ਸਮੇ ਤੱਕ ਆਪ ਜੀ ਦੇ ਦਫਤਰ ਵੱਲੋਂ ਇਤਰਾਜ਼ ਹੀਣਤਾ ਸਰਟੀਫਿਕੇਟ ਪ੍ਰਾਪਤ ਨਹੀ ਹੁੰਦਾਂ ਤਾਂ ਸਮਝ ਲਿਆ ਜਾਵੇਗਾ ਕਿ ਉਕਤ 85 ਪਿੰਡਾਂ ਵਿੱਚ ਨੱਥੀ ਡਿਟੇਲ ਅਨੁਸਾਰ ਪਾਈਪ ਨੈਟ ਵਰਕ ਵਿਛਾਉਣ ਵਿੱਚ ਆਪ ਦੇ ਵਿਭਾਗ ਨੂੰ ਕੋਈ ਇਤਰਾਜ਼ ਨਹੀ ਹੈ ਜੀ ।

ਨੱਥੀ/ਡਿਟੇਲ

ਕਾਰਜਕਾਰੀ ਇੰਜੀਨੀਅਰ,
ਜਲ ਸਪਲਾਈ ਅਤੇ ਸੈਨੀਟੇਸ਼ਨ ਮੰਡਲ,
ਮੋਗਾ ।

ਪਿਠ ਅੰਕਣ ਨੰਬਰ 6353-57 ਮਿਤੀ 11-08-2017

ਉਪਰੋਕਤ ਦੀ ਨਕਲ ਹੇਠ ਦਰਜ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿਤ ਭੇਜੀ ਜਾਂਦੀ ਹੈ ਜੀ

1 ਨਿਗਰਾਨ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਹਲਕਾ, ਫਰੀਦਕੋਟ ।
2 ਵਣ ਰੇਂਜ ਅਫਸਰ, ਮੋਗਾ,।
3 ਵਣ ਰੇਂਜ ਅਫਸਰ, ਫਰੀਦਕੋਟ ।
4 ਮੈਸਰਜ਼ ਐਲ.ਐਂਡ ਟੀ. ਲਿਮਿਟਡ, ਚੇਨੰਈ ਨੂੰ ਉਨ੍ਹਾਂ ਦੇ ਪੱਤਰ ਨੰ LTCD/WET/CHCO/WSD/MWSS/2016-17/CLIENT/050 dated 31st July, 2017 ਦੇ ਸਬੰਧ ਵਿੱਚ ਸੂਚਨਾਂ ਹਿਤ ਭੇਜੀ ਜਾਂਦੀ ਹੈ ।
5 ਉਪ ਮੰਡਲ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਉਪ ਮੰਡਲ ਨਿਹਾਲ ਸਿੰਘ ਵਾਲਾ ਨੂੰ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਦਫਤਰ ਨਾਲ ਨਿਜੀ ਪੱਧਰ ਤੇ ਤਾਲਮੇਲ ਕਰਕੇ ਉਕਤ ਸਬੰਧੀ ਇਤਰਾਜਹੀਣਤਾ ਸਰਟੀਫਿਕੇਟ ਪ੍ਰਾਪਤ ਕੀਤਾ ਜਾਵੇ ।

ਕਾਰਜਕਾਰੀ ਇੰਜੀਨੀਅਰ,
ਜਲ ਸਪਲਾਈ ਅਤੇ ਸੈਨੀਟੇਸ਼ਨ ਮੰਡਲ,
ਮੋਗਾ ।